# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 162-164, ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172-5043244, 5043258
ਫੈਕਸ:0172-5043244 ਈ-ਮੇਲ: ictpunjab1@gmail.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਪੰਜਾਬ

ਮੀਮੋ ਨੰ: 5/6-ICT-2011/Leave/LWP/R003227
ਮਿਤੀ: 24-05-2011

ਵਿਸ਼ਾ:- ਠੇਕੇ ਤੇ ਭਰਤੀ ਕੀਤੇ ਕਰਮਚਾਰੀਆਂ ਦੀ ਛੁੱਟੀ ਬਾਰੇ ਪਾਲਿਸੀ ।

1. ਉਪਰੋਕਤ ਵਿਸ਼ੇ ਅਧੀਨ ਠੇਕੇ ਤੇ ਭਰਤੀ ਕੀਤੇ ਕਰਮਚਾਰੀਆਂ ਦੀ ਛੁੱਟੀ ਹੇਠ ਲਿਖੇ ਮੁਤਾਬਕ ਮਨਜ਼ੂਰ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

| ਲੜੀ ਨੰ | ਛੁਟੀ ਦੀ ਕਿਸਮ | ਕੁਲ ਦਿਨ ਵੱਧ ਤੋਂ ਵੱਧ | ਮਨਜ਼ੂਰ ਕਰਤਾ ਅਧਿਕਾਰੀ | ਵਿਸ਼ੇਸ ਕਥਨ |
|---|---|---|---|---|
| 1 | ਅਚਨਚੇਤ ਛੁੱਟੀ | 12 ਦਿਨ | ਸਕੂਲ ਮੁਖੀ/ਕੰਪੋਨੈਂਟ ਹੈਡ | (ੳ) ਲਗਾਤਾਰ 3 ਦਿਨ ਤੋਂ ਵੱਧ ਨਹੀਂ ।<br>(ਅ) ਮਹੀਨੇ ਵਿਚ 3 ਦਿਨ ਤੋਂ ਵੱਧ ਨਹੀਂ । |
| 2 | ਬਿਨ੍ਹਾ ਤਨਖਾਹ ਛੁੱਟੀ | 15 ਦਿਨ (ਇਕ ਕਲੈਂਡਰ ਸਾਲ ਵਿੱਚ) | ਮੁੱਖ ਦਫਤਰ | (ੳ) ਛੁੱਟੀ ਹੇਠ ਲਿਖੇ ਕਾਰਨਾਂ ਕਰਕੇ ਲਈ ਜਾ ਸਕਦੀ ਹੈ-<br>I. ਆਪਣਾ ਵਿਆਹ<br>II. ਆਪਣਾ ਐਕਸੀਡੈਂਟ ਜਾਂ ਗੰਭੀਰ ਬਿਮਾਰੀ<br>(ਅ) ਬਿਨ੍ਹਾ ਤਨਖਾਹ ਲਈ ਛੁੱਟੀ ਜਿਲਾ ਸਿਖਿਆ ਅਫਸਰ (ਸੈ.ਸਿ) ਰਾਹੀਂ ਮੁੱਖ ਦਫਤਰ ਨੂੰ ਘਟ ਤੋਂ ਘਟ 2 ਹਫਤੇ ਪਹਿਲਾਂ ਭੇਜੀ ਜਾਵੇ<br>(ੲ) ਮੈਡੀਕਲ ਛੁੱਟੀ ਕਿਸੇ ਸਰਕਾਰੀ ਹਸਪਤਾਲ ਦੇ ਮੈਡੀਕਲ ਅਫਸਰ ਦੁਆਰਾ ਜਾਰੀ ਕੀਤੇ ਸਰਟੀਫਿਕੇਟ ਨੂੰ ਪੇਸ਼ ਕਰਨ ਤੇ ਮਿਲੇਗੀ ।<br>(ਸ) ਐਕਸੀਡੈਂਟ ਜਾਂ ਗੰਭੀਰ ਬਿਮਾਰੀ ਹੋਣ ਦੀ ਸੂਰਤ ਵਿਚ ਮੁੱਖ ਦਫਤਰ ਨੂੰ 3 ਦਿਨਾਂ ਦੇ ਅੰਦਰ ਅੰਦਰ ਸੂਚਿਤ ਕਰਨਾ ਜਰੂਰੀ ਹੈ।<br>(ਹ) ਵਿਦੇਸ਼ ਜਾਣ ਲਈ ਛੁੱਟੀ ਕਿਸੀ ਵੀ ਹਾਲਤ ਵਿਚ ਮਨਜ਼ੂਰ ਨਹੀਂ ਕੀਤੀ ਜਾਵੇਗੀ । |
| 3 | ਪ੍ਰਸੂਤਾ ਛੁੱਟੀ | 3 ਮਹੀਨੇ | ਜਿਲਾ ਸਿਖਿਆ ਅਫਸਰ (ਸੈ.ਸਿ) | (ੳ) ਮੈਡੀਕਲ ਅਫਸਰ ਦੁਆਰਾ ਤਸਦੀਕ ਕੀਤਾ ਸਰਟੀਫਿਕੇਟ ਲੋੜੀਂਦਾ ਹੈ ।<br>(ਅ) ਇਹ ਛੁੱਟੀ 2 ਜਿਉਂਦੇ ਬੱਚਿਆਂ ਤੱਕ ਸੀਮਿਤ ਹੋਵੇਗੀ । |

| | | | | |
|---|---|---|---|---|
| 4. | ਉਚੇਰੀ ਸਿਖਿਆ ਲਈ ਛੁੱਟੀ | ਪੇਪਰ ਵਾਲੇ ਦਿਨ | ਜਿਲਾ ਸਿਖਿਆ ਅਫਸਰ (ਸੈ.ਸਿ) | ਸਬੰਧਤ ਦਫਤਰ ਵਲੋਂ ਕਰਮਚਾਰੀ ਨੂੰ ਉਚੇਰੀ ਸਿਖਿਆ ਦੀ ਆਗਿਆ ਦੇ ਆਧਾਰ ਤੇ ਪੇਪਰ ਵਾਲੇ ਦਿਨ ਹੀ ਛੁੱਟੀ ਦਿਤੀ ਜਾਵੇਗੀ ਅਤੇ ਪੇਪਰਾਂ ਵਿਚਲੇ ਬਾਕੀ ਦਿਨਾਂ ਵਿਚ ਉਹ ਸਕੂਲ/ਦਫਤਰ ਵਿਚ ਹਾਜ਼ਰ ਰਹੇਗਾ । |

2. ਛੁੱਟੀ ਨੂੰ ਨਾ-ਮਨਜੂਰ ਕਰਦੇ ਹੋਏ ਜੋ ਕਰਮਚਾਰੀ ਗੈਰਹਾਜਰ ਹੁੰਦਾ ਹੈ ਉਸਦੀ ਸੂਚਨਾ ਇਸ ਦਫਤਰ ਨੂੰ ਜਲਦੀ ਤੋਂ ਜਲਦੀ ਭੇਜੀ ਜਾਵੇ ਅਤੇ ਤਿੰਨ ਦਿਨ ਤੋਂ ਵਧ ਗੈਰਹਾਜਰ ਰਹੇ ਕਰਮਚਾਰੀ ਨੂੰ ਦੁਬਾਰਾ ਜੁਆਇਨ ਕਰਵਾਉਣ ਲਈ ਇਸ ਦਫਤਰ ਵਲੋਂ ਮਨਜੂਰੀ ਲੈਣੀ ਜਰੂਰੀ ਹੋਵੇਗੀ।
3. ਇਸ ਵਿਸ਼ੇ ਤੇ ਪਹਿਲਾਂ ਜਾਰੀ ਕੀਤੇ ਸਾਰੇ ਪੱਤਰ ਰੱਦ ਕੀਤੇ ਜਾਂਦੇ ਹਨ ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ, ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ**

**ਪਿਠ ਅੰਕਣ:- ਉਕਤ** **ਮਿਤੀ: 24-05-2011**

ਉਕਤ ਪਾਲਿਸੀ ਤਤਕਾਲ ਸਮੇਂ ਤੋਂ ਆਪ ਜੀ ਦੇ ਵਿਭਾਗਾਂ ਤੇ ਲਾਗੂ ਹੋਵੇਗੀ :

1. ਰਾਸ਼ਟਰੀ ਮਾਧਮਿਕ ਸਿਖਿਆ ਅਭਿਆਨ
2. ਸਰਵ ਸਿਖਿਆ ਅਭਿਆਨ
3. ਆਈ.ਸੀ.ਟੀ
4. ਐਜੂਸੈਟ
5. ਮਿਡ-ਡੇ-ਮੀਲ
6. ਪੀ.ਈ.ਡੀ.ਬੀ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ, ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ**